ਲਐਕਚਰ 1

## 1858 ਦਾ ਇੰਡੀਆ ਐਕਟ

1857 ਈਸਵੀ ਦੇ ਐਕਟ ਨਾਲ ਕੰਪਨੀ ਦੀ ਤਾਕਤ ਪੂਰੀ ਤਰ੍ਹਾਂ ਖਤਮ ਕਰਕੇ ਬ੍ਰਿਟਿਸ਼ ਕਰਾਉਣ ਨੇ ਸਾਰੀ ਤਾਕਤ ਅਪਣੇ ਹੱਥਾਂ ਵਿਚ ਇਕੱਠੀ ਕਰ ਲੈਂਦਾ ਹੈ । ਇਹ ਤਾਕਤ ਸਿੱਧੇ ਬ੍ਰਿਟਿਸ਼ ਰਾਜ ਦੇ ਹੱਥਾਂ ਵਿਚ ਇਸ ਲਈ ਦਿੱਤੀ ਜਾਂਦੀ ਹੈ ਕਿਉਂਕਿ ਇਹ ਕੰਪਨੀ ਆਪਣੇ ਕੰਮਾਂ ਨੂੰ ਸੰਭਾਲਣ ਦੇ ਵਿਚ ਪੂਰੀ ਤਰਾਂ ਨਾਕਾਮਯਾਬ ਹੁੰਦੀ ਹੈ। 1858 ਈਸਵੀ ਦੇ ਐਕਟ ਨੂੰ ਪਾਸ ਕਰਵਾਉਣ ਲਈ ਜ਼ਿੰਮੇਵਾਰ ਇਹ ਹਾਲਾਤ ਬਣਦੇ ਹਨ। ਇਹ ਐਕਟ ਬ੍ਰਿਟਿਸ਼ ਪਾਰਲੀਮੈਂਟ ਵਿਚ ਪਾਸ ਹੋਣ ਵਾਲਾ ਸਭ ਤੋਂ ਮਹੱਤਵਪੂਰਨ ਐਕਟ ਸੀ ਕਿਉਂਕਿ ਇਸ ਨਾਲ ਭਾਰਤ ਵਰਗੇ ਦੇਸ਼ ਦੀ ਜ਼ਿੰਮੇਵਾਰੀ ਸਿੱਧੀ ਬ੍ਰਿਟਿਸ਼ ਰਾਜ ਦੇ ਹੱਥਾਂ ਵਿੱਚ ਆ ਜਾਣੀ ਸੀ । ਬ੍ਰਿਟਿਸ਼ ਸਰਕਾਰ ਬਹੁਤ ਸਮੇਂ ਤੋਂ ਕੰਪਨੀ ਦਾ ਰਾਜ ਸਮਆਪਤ ਕਰਨਾ ਚਾਹੁੰਦੀ ਸੀ ਪਰ ਉਸ ਨੂੰ ਇਸ ਲਈ ਕੋਈ ਬਹਾਨਾ ਨਹੀਂ ਮਿਲ ਰਿਹਾ ਸੀ ।ਉਸਨੂੰ ਇਹ ਬਹਾਨਾ 1857 ਈਸਵੀ ਦੇ ਵਿਦਰੋਹ ਦੇ ਦਿੱਤਾ ਸੀ।

1857 ਈਸਵੀ ਦੇ ਵਿਦਰੋਹ ਲੱਗਭੱਗ ਭਾਰਤ ਦੇ ਹਰ ਇੱਕ ਭਾਗ ਵਿੱਚ ਚੱਲਿਆ ਜਿਸ ਵਿੱਚ ਸਮਾਜ ਦੇ ਲਗਭਗ ਹਰ ਵਰਗ ਨੇ ਹਿੱਸਾ ਲਿਆ। ਇਸ ਵਿਦਰੋਹ ਤੋਂ ਇਹ ਸਾਬਤ ਹੋ ਗਿਆ ਕਿ ਕੰਪਨੀ ਦਾ ਰਾਜ ਭਾਰਤ ਵਿੱਚ ਕਾਇਮ ਰੱਖਣਾ ਗਲਤ ਹੈ । ਇਸ ਵਿਦਰੋਹ ਦੇ ਲਈ ਕੰਪਣੀ ਦੇ ਭ੍ਰਿਸ਼ਟਾਚਾਰੀ ਰਾਜ ਨੂੰ ਜ਼ਿੰਮੇਵਾਰ ਠਹਰਾਇਆ ਗਿਆ ਹੈ। ਇਸ ਐਕਟ ਦੇ ਨਾਲ ਹੇਠ ਲਿਖੇ ਬਦਲਾਅ ਕੀਤੇ ਗਏ।

1 ਇਸ ਫ਼ੈਸਲੇ ਨਾਲ ਬੋਰਡ ਆਫ ਕੰਟਰੋਲ ਤੇ ਕੋਰਟ ਆਫ ਡਾਇਰੈਕਟਰਜ਼ ਨੂੰ ਸਮਾਪਤ ਕਰ ਦਿੱਤਾ ਗਿਆ।
2 ਇਸ ਐਕਟ ਦੇ ਪਾਸ ਹੋ ਜਾਣ ਨਾਲ ਭਾਰਤ ਉੱਪਰ ਇੰਗਲੈਂਡ ਦੀ ਸਰਕਾਰ ਦਾ ਸਿੱਧਾ ਕੰਟਰੋਲ ਕਾਇਮ ਹੋ ਗਿਆ।
3 ਇਸ ਦੇ ਨਾਲ ਭਾਰਤ ਦੇ ਗਵਰਨਰ ਜਰਨਲ ਨੂੰ ਵਾਇਸਰਾਏ ਦੀ ਉਪਾਧੀ ਦਿੱਤੀ ਗਈ।
4 ਇੰਗਲੈਂਡ ਵਿੱਚ ਕੋਰਟ ਆਫ ਡਰਾਇਕਟਰ ਤੇ ਬੋਰਡ ਆਫ ਕੰਟਰੋਲ ਨੂੰ ਸਮਾਪਤ ਕਰਕੇ ਉਸ ਥਾਂ ਤੇ 15 ਮੈਂਬਰਾਂ ਦੀ ਭਾਰਤੀ ਕੌਂਸਲ ਸਥਾਪਤ ਕਰ ਦਿੱਤੀ ਗਈ। ਜਿਸ ਦਾ ਸਭਾਪਤੀ ਸੈਕਟਰੀ ਆਫ ਸਟੇਟ ਨਿਯੁਕਤ ਕੀਤਾ ਗਿਆ ਹੈ ਇਸ ਸਬੰਧ ਵਿੱਚ ਮਹੱਤਵਪੂਰਨ ਐਲਾਨ ਵੀ ਕੀਤਾ ਜੋ ਕਿ ਹੇਠ ਲਿਖੇ ਅਨੁਸਾਰ ਹੈ।

### ਮਹਾਰਾਣੀ ਦਾ ਐਲਾਨ

ਪਹਿਲੀ ਨਵੰਬਰ 1858 ਈਸਵੀ ਨੂੰ ਗਵਰਨਰ ਜਨਰਲ ਲਾਰਡ ਕੈਨਿੰਗ ਨੇ ਮਹਾਰਾਣੀ ਦੇ ਐਲਾਨ ਨੂੰ ਅਲਾਹਾਬਾਦ ਦੇ ਸਥਾਨ ਤੇ ਇਕ ਸਮਾਗਮ ਵਿਚ ਪੜ੍ਹ ਕੇ ਸੁਣਾਇਆ। ਇਸ ਵਿੱਚ ਹੇਠ ਲਿਖੇ ਮੁੱਦੇ ਸ਼ਾਮਲ ਕੀਤੇ ਗਏ।

1 ਇਸ ਵਿਚ ਕਿਹਾ ਗਿਆ ਕੇ ਉਨ੍ਹਾਂ ਸਾਰੇ ਭਾਰਤੀ ਇਲਾਕਿਆਂ ਨੂੰ ਆਪਣੇ ਅਧਿਕਾਰ ਵਿਚ ਲੈਣ ਦਾ ਫੈਸਲਾ ਕਰ ਲਿਆ ਹੈ ਜੋ ਪਹਿਲਾਂ ਕੰਪਨੀ ਦੇ ਅਧੀਨ ਸਨ।
2 ਉਨ੍ਹਾਂ ਨੇ ਕਿਹਾ ਕਿ ਅਸੀਂ ਉਹਨਾਂ ਵਿਚ ਰਹਿਣ ਵਾਲੇ ਪਰਜ਼ਾਂ ਤੋਂ ਆਪਣੇ ਅਤੇ ਆਪਣੇ ਵਾਰਸਾਂ ਦੇ ਗੱਦੀ ਨਸ਼ੀਨ ਦੇਸ ਭਗਤਈ ਦੀ ਆਸ ਰੱਖਦੇ ਹਆ।
3 ਉਨ੍ਹਾਂ ਕਿਹਾ ਕਿ ਅਸੀਂ ਲਾਰਡ ਕੈਨਿੰਗ ਨੂੰ ਆਪਣੇ ਭਾਰਤੀ ਇਲਾਕਿਆਂ ਦਾ ਪਹਿਲਾ ਵਾਇਸਰਾਏ ਨਿਯੁਕਤ ਕਰਦੇ ਹਾਂ।
4 ਅਸੀਂ ਉਨ੍ਹਾਂ ਸਾਰੀਆਂ ਸੰਧੀਆਂ ਜੋ ਕੰਪਨੀ ਨੇ ਭਾਰਤੀ ਰਾਜੇ ਨਾਲ ਕੀਤੀਆਂ ਹਨ ਉਨ੍ਹਾਂ ਨੂੰ ਸਵੀਕਾਰਦੇ ਹ ਅਤੇ ਉਨ੍ਹਾਂ ਦੀ ਪਾਲਣਾ ਕਰਨੀ ਯਕੀਨੀ ਬਣਾਉਂਦੇ ਹਆ।
5 ਅਸੀਂ ਕੰਪਨੀ ਰਾਹੀਂ ਨਿਯੁਕਤ ਕੀਤੇ ਗਏ ਸਾਰੇ ਸੈਨਿਕ ਅਤੇ ਅਸੈਨਿਕ ਅਫਸਰਾਂ ਨੂੰ ਉਨਾਂ ਦੇ ਅਹੁਦਿਆਂ ਉੱਪਰ ਪੱਕਾ ਕਰਦੇ ਹਾਂ।
6 ਅਸੀਂ ਕਿਸੇ ਹੋਰ ਦੇ ਇਲਾਕਿਆਂ ਉੱਪਰ ਲਲਚਾਈ ਨਜ਼ਰ ਵੀ ਨਹੀਂ ਰੱਖਾਂਗੇ ਤੇ ਆਪਣੇ ਇਲਾਕੇ ਉਪਰ ਨਜ਼ਰ ਰੱਖਣ ਦੀ ਇਜਾਜ਼ਤ ਵੀ ਨਹੀਂ ਦੇਵਾਂਗੇ।
7 ਅਸੀਂ ਆਪਣੇ ਭਾਰਤੀ ਇਲਾਕਏਆਂ ਦਾ ਹੋਰ ਵਿਸਥਾਰ ਨਹੀਂ ਕਰਨਾ ਚਾਹੁੰਦੇ।
8 ਅਸੀਂ ਭਾਰਤੀ ਰਾਜਾਂ ਦੇ ਸਨਮਾਨ ਤੇ ਅਧਿਕਾਰਾਂ ਦਾ ਆਦਰ ਉਝ ਹੀ ਕਰਾਂਗੇ ਜਿਵੇਂ ਆਪਣੇ ਆਦਰ ਦੀ ਆਸ ਕਰਦੇ ਹਾਂ।
9 ਅਸੀਂ ਆਪਣੀ ਪ੍ਰਜਾ ਉੱਪਰ ਆਪਣੀ ਧਾਰਮਿਕ ਵਿਚਾਰਾਂ ਨੂੰ ਨਹੀਂ ਥੋਪਗੇ ਨਾ ਹੀ ਉਨ੍ਹਾਂ ਦੇ ਧਾਰਮਿਕ ਜੀਵਨ ਵਿਚ

Scanned with CamScanner

ਕੋਈ  ਦਖਲ ਦੇਵਾਂਗੀ।

9 ਸਭ ਨਾਲ ਨਿਰਪੱਖ ਨਿਆਂ ਕੀਤਾ ਜਾਵੇਗਾ।

10 ਨੌਕਰੀਆਂ ਵਿੱਚ  ਯੋਗਤਾ ਦੇ ਆਧਾਰ ਤੇ ਭਰਤੀ ਕੀਤੀ ਜਾਵੇਗੀ ।

11 ਕਾਨੂੰਨ ਬਣਾਉਣ ਤੇ ਲਾਗੂ ਕਰਨ ਸਮੇਂ ਭਾਰਤੀਆਂ ਦੇ ਅਧਿਕਾਰਾਂ ਤੇ ਰਸਮਾਂ ਦਾ ਖਾਸ ਧਿਆਨ ਰੱਖਿਆ ਜਾਵੇਗਾ।

12 ਮਹਾਰਾਣੀ ਨੇ 1857 ਈਸਵੀ ਦੇ ਵਿਦਰੋਹ ਵਿੱਚ ਪੁੰਨਿਆ ਦੁਖਾਂਤਕ ਘਟਨਾਵਾ  ਦਾ ਅਫਸੋਸ ਪ੍ਰਗਟ ਕੀਤਾ ਅਤੇ ਅਪਰਾਧੀਆਂ ਨੂੰ ਮੁਆਫ ਕਰ ਦਿੱਤਾ ਗਿਆ।

13 ਅਖੀਰ ਵਿਚ ਮਹਾਰਾਣੀ ਨੇ ਕਿਹਾ ਕਿ ਸਾਡੀ ਇਹ ਦਿਲੀ ਇੱਛਾ ਹੈ ਕਿ ਭਾਰਤ ਵਿੱਚ ਸ਼ਾਂਤੀ ਸਥਾਪਤ ਕਰਨ ਤੇ ਖ਼ਾਸ ਧਿਆਨ ਦਿੱਤਾ ਜਾਵੇਗਾ ਅਤੇ ਅੰਗਰੇਜ਼ੀ ਇਲਾਕਿਆਂ ਵਿੱਚ ਰਹਿਣ ਵਾਲੀ ਪ੍ਰਜਾ ਦੇ ਹਿਤਾਂ ਨੂੰ ਧਿਆਨ ਵਿਚ ਰੱਖ ਕੇ ਰਾਜ ਕੀਤਾ ਜਾਵੇਗਾ।

ਐਲਾਨ ਦਾ ਮਹੱਤਵ

1857 ਈਸਵੀ ਵਿਚ ਮਹਾਰਾਣੀ ਵਿਕਟੋਰੀਆ ਰਾਹੀਂ ਕੀਤਾ ਗਿਆ ਐਲਾਨ ਭਾਰਤੀ ਇਤਿਹਾਸ ਵਿੱਚ ਇੱਕ ਖਾਸ ਅਸਥਾਨ ਰੱਖਦਾ ਹੈ। ਇਸ ਨੇ ਭਾਰਤੀ ਸਰਕਾਰ ਨੂੰ ਅਮਨ ਕਾਇਮ ਕਰਨ ਵਿੱਚ ਬਹੁਮੁਲੀ ਸਹਾਇਤਾ ਦਿੱਤੀ ਗਈ ਅਗਲੇ 60 ਸਾਲ ਤੱਕ ਭਾਰਤੀ ਰਾਜਪ੍ਰਬੰਧ ਦਾ ਆਧਾਰ ਬਣੀ ਰਹੀ। ਡਾਕਟਰ ਇਸ਼ਵਰ ਪ੍ਰਸ਼ਾਦ ਲਿਖਦੇ ਹਨ ਕਿ ਇਹ ਐਲਾਨ ਭਾਰਤੀ ਜਨਤਾ ਲਈ ਵਰਦਾਨ ਸਿੱਧ ਹੋਇਆ । ਇਸ ਨੇ ਭਾਰਤੀਆਂ ਨੂੰ ਸ਼ਾਂਤੀ ਖੁਸ਼ਹਾਲੀ ਅਤੇ ਸੁਤੰਤਰਤਾ ਦਾ ਵੀਉਹਾਰ ਸਬੰਧੀ ਜਕੀਨ ਦਵਾਇਆ।

ਇਸ ਤੋਂ ਛੁੱਟ ਇਸ ਨੇ ਯੋਗਤਾ ਦੇ ਆਧਾਰ ਉੱਪਰ ਪਦ ਪ੍ਰਾਪਤੀ ਦਾ ਭਰੋਸਾ ਵੀ ਦਵਾਇਆ ਸਭ ਤੋਂ ਵੱਡਾ ਕੰਮ ਜੋ ਐਲਾਨ ਰਾਹੀਂ ਸੰਪੂਰਨ ਹੋਇਆ ਸੀ ਉਹ ਇਹ ਸੀ ਕਿ ਇਸ ਦੇ ਸਿੱਟੇ ਵਜੋਂ ਭਾਰਤੀਆਂ ਵਿਚ ਨਵਈ ਸਰਕਾਰ ਦੀ ਛਤਰ ਛਾਇਆ ਹੇਠ ਸੁਖੀ ਜੀਵਨ ਬਤੀਤ ਕਰਨ ਦੀ ਆਸ ਬੱਝੀ। ਲਾਰਡ ਕੈਨਿੰਗ ਨੇ ਇਸ  ਦਾ ਲਾਭ ਉਠਾਉਂਦੇ ਹੋਏ ਭਾਰਤੀਆਂ ਉਪਰ ਇਸ ਗੱਲ ਦਾ ਪ੍ਰਭਾਵ ਪਾਉਣ ਦਾ ਯਤਨ ਕੀਤਾ ਹੈ ਇਸ ਵਿਚ ਇਕ ਨਵੇਂ ਯੁੱਗ ਦਾ ਆਰੰਭ ਹੋਇਆ ਹੈ।

ਆਲੋਚਨਾ

1   1857 ਦੇ ਗ਼ਦਰ ਤੋਂ ਬਾਅਦ ਦੇ ਸਮੇਂ ਦੌਰਾਨ ਸਰਕਾਰ ਦੀਆਂ ਸਾਰੀਆਂ ਕਾਰਵਾਈਆਂ ਅਤੇ ਗਤੀਵਿਧੀਆਂ ਇਸ ਘੋਸ਼ਣਾ ਦੀ ਆਤਮਾ ਅਤੇ ਇਸ ਵਿੱਚ ਦਿੱਤੇ ਗਏ ਵਾਅਦਿਆਂ ਦੇ ਬਿਲਕੁਲ ਉਲਟ ਸਨ। ਇਸ ਵਿਚ ਕਿਸੇ ਵੀ ਗੱਲ ਨੂੰ ਸਿਰੇ ਨਹੀਂ ਚੜਾਇਆ ਗਿਆ ਸਗੋਂ ਇਕ ਨਵੀਂ ਨੀਤੀ ਤਹਿਤ ਸਰਕਾਰ ਨੇ ਅਪਣਾਈ ਜੀਸ ਦੇ ਸਿੱਟੇ ਵਜੋਂ ਭਾਰਤੀਆਂ ਵਿਚ ਅਵਿਸ਼ਵਾਸ਼ ਅਤੇ ਡਰ ਪੈਦਾ ਹੋ ਗਿਆ । ਭਾਰਤੀ ਰਿਆਸਤਾਂ ਦੇ ਰਾਜਿਆਂ ਦੇ ਸਨਮਾਨ ਅਤੇ ਅਧਿਕਾਰਾਂ ਦੀ ਵੀ ਕੋਈ ਪ੍ਰਵਾਹ ਨਾ ਕੀਤੀ ਗਈ।

2  ਬ੍ਰਿਟਿਸ਼ ਸਰਕਾਰ ਦੀ ਕੋਸ਼ਿਸ਼ ਏ ਰਹੀ ਕੇ ਭਾਰਤ ਦੇ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਆਪਸ ਵਿੱਚ ਲੜਾ ਕੇ ਰਾਜ ਕੀਤਾ ਜਾਵੇ । ਦੂਜੇ ਸ਼ਬਦਾਂ ਵਿੱਚ ਪਾੜੋ ਅਤੇ ਰਾਜ ਕਰੋ ਦੀ ਨੀਤੀ ਉਨਾਂ ਪ੍ਰਸ਼ਾਸ਼ਨਿਕ ਨੀਤੀਆਂ ਦਾ ਆਧਾਰ ਬਣੀ । ਇਸ ਦੇ ਅੱਗੇ ਚੱਲ ਕੇ ਬਹੁਤ ਭੈੜੇ ਸਿੱਟੇ ਨਿਕਲੇ । ਭਾਰਤੀਆਂ ਕੋਲੋਂ ਹਥਿਆਰ ਖੋਹ ਲਏ ਗਏ ਕਿਸੇ ਨੂੰ ਵੀ ਹਥਿਆਰ ਲੈ ਕੇ ਚੱਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਅਤੇ ਜਾਣਬੁੱਝ ਕੇ ਪਰੇਸਾਨ ਕਰਨ ਦੀ ਨੀਤੀ ਅਪਣਾਈ ਗਈ।

3   ਸੰਪਰਦਾਇਕਤਾ ਦੀ ਭਾਵਨਾ ਨੂੰ ਬ੍ਰਿਟਿਸ਼ ਸ਼ਾਸਕਾਂ ਰਾਹੀਂ ਭੜਕਾਇਆ ਗਿਆ ਭਾਰਤ ਵਿਚ ਸ਼ਾਸਨ ਕਰਨ ਵਾਲਿਆਂ ਦੀ ਇਕ ਜਮਾਤ ਬਣ ਗਈ ਜਿਸ ਨੇ ਭਾਰਤੀਆਂ ਵੱਲੋਂ ਖੁੱਲ੍ਹਾ ਨਫ਼ਰਤ ਦਾ  ਪ੍ਰਗਟਾਵਾ ਕਰਨਾ ਸ਼ੁਰੂ ਕਰ ਦਿੱਤਾ।

4 ਮਹਾਰਾਣੀ ਦੇ ਐਲਾਨ ਵਿਚ ਇਹ ਦਾਅਵਾ ਕੀਤਾ ਗਿਆ ਸੀ ਕਿ ਭਾਰਤੀ ਰਿਆਸਤਾਂ ਦੇ ਸ਼ਾਸਕਾਂ ਦੇ ਅਧਿਕਾਰਾਂ ਅਤੇ ਮਾਣ-ਸਨਮਾਨ ਦੀ ਰਖਿਆ ਕੀਤੀ ਜਾਵੇਗੀ ਇਸ ਨੂੰ ਅੱਖੋਂ ਓਹਲੇ ਨਹੀਂ ਕੀਤਾ ਗਿਆ ਸਗੋਂ ਬ੍ਰਿਟਿਸ਼ ਪ੍ਰਭੁਸੱਤਾ ਨੂੰ ਸਖਤੀ ਅਤੇ ਮਜ਼ਬੂਤੀ   ਨਾਲ ਲਾਗੂ ਕੀਤਾ ਗਿਆ।

5 ਮਾਹਰਾਣੀ ਰਾਹੀਂ ਕੀਤੀ ਗਈ ਘੋਸ਼ਣਾ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਇਹ ਸੀ ਕਿ ਬ੍ਰਿਟਿਸ਼ ਸਰਕਾਰ ਭਾਰਤੀ ਰਿਆਸਤਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਦੇ ਸਕਦੀ ਸੀ।

6 ਭਾਰਤੀ ਰਿਆਸਤਾਂ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲ ਦੇਣ ਕਾਰਨ ਇਸਟ ਇੰਡੀਆ ਕੰਪਨੀ ਰਾਹੀਂ ਬਣਾਏ

Scanned with CamScanner

ਗਏ ਸੂਬਿਆਂ ਅਤੇ ਦੇਸ਼ਾਂ ਵਿਚਕਾਰ ਕਾਫੀ ਹੱਦ ਤਕ ਚਲਦਾ ਰਿਹਾ ਅੰਤਰ ਖਤਮ ਹੋ ਗਿਆ।

7 ਜਦੋਂ ਕੰਪਨੀ ਦੀ ਸੱਤਾ ਖਤਮ ਕਰਕੇ ਭਾਰਤ ਨੂੰ ਸਿੱਧਾ ਬ੍ਰਿਟੇਨ ਦੀ ਸਰਕਾਰ ਦੀ ਸੱਤਾ ਹੇਠ ਕੀਤਾ ਗਿਆ ਤਾਂ ਕਈ ਰਿਆਸਤਾਂ ਜਗੀਰਾਂ ਦੀ ਸ਼ਕਲ ਅਖਤਿਆਰ ਕਰ ਗਈਆਂ । ਹੁਣ ਇਨ੍ਹਾਂ ਨੂੰ ਕੋਈ ਵੀ ਰਾਜਨੀਤਕ ਅਤੇ ਕਾਨੂੰਨੀ ਅਧਿਕਾਰ ਪ੍ਰਾਪਤ ਨਹੀਂ ਸਨ ।

8 ਆਮ ਤੌਰ ਤੇ ਕਿਸੇ ਵੀ ਰਿਆਸਤ ਦੇ ਅੰਦਰੂਨੀ ਰਾਜ ਪ੍ਰਬੰਧ ਕਾਰਨ ਅੰਦਰੂਨੀ ਪ੍ਰਸ਼ਾਸਨ ਵਿਚ ਦਖਲ ਅੰਦਾਜ਼ੀ ਨਹੀਂ ਕੀਤੀ ਜਾਂਦੀ ਸੀ । ਸਗੋਂ ਸ਼ਾਸਕ ਦੀ ਵਫ਼ਾਦਾਰੀ ਇਸ ਦਾ ਮਾਪਦੰਡ ਹੁੰਦਾ ਸੀ। ਹਰ ਇਕ ਰਾਜੇ ਦੇ ਦਰਬਾਰ ਵਿਚ ਇਕ ਬ੍ਰਿਟਿਸ਼ ਰੈਜ਼ੀਡੈਂਟ ਹੁੰਦਾ ਸੀ । ਜਿਸ ਨਾਲ਼ ਉਸ ਨੂੰ ਇਹ ਨਹੀਂ ਪਤਾ ਸੀ ਕਿ ਉਹ ਕੇਵਲ ਇੱਕ ਜਗੀਰਦਾਰ ਹੀ ਸੀ।

ਇਸ ਤਰ੍ਹਾਂ ਇਹ ਸਪਸ਼ਟ ਹੈ ਕੇ ਬ੍ਰਿਟਿਸ਼ ਸਰਕਾਰ ਨੇ ਉਨ੍ਹਾਂ ਰਾਜੇ ਜਿਹੜੇ ਰੈਜ਼ੀਡੈਂਟ ਅਤੇ ਵਫ਼ਾਦਾਰ ਸਨ ਅਤੇ ਉਨ੍ਹਾਂ ਜਿਹੜੇ ਰਿਸ਼ਵਤ ਦੇ ਕੇ ਜਾਂ ਹੋਰ ਤਰੀਕਿਆਂ ਨਾਲ ਉਨ੍ਹਾਂ ਨੂੰ ਖੁਸ਼ ਰੱਖਦੇ ਸਨ। ਉਨ੍ਹਾਂ ਦੇ ਰਾਜ ਪ੍ਰਬੰਧ ਨੂੰ ਠੀਕ ਕਰਨ ਵੱਲ ਉੱਕਾ ਹੀ ਧਿਆਨ ਨਹੀਂ ਦਿੱਤਾ । ਇਸ ਦੇ ਉਲਟ ਉਨ੍ਹਾਂ ਰਿਆਸਤਾਂ ਜਿਹੜੀਆਂ ਵੱਡੀਆਂ ਤੇ ਅਹਿਮ ਸਨ ਦੇ ਰਾਜ ਪ੍ਰਬੰਧ ਵਿਚ ਉਨ੍ਹਾਂ ਨੇ ਪੂਰੀ ਮੁਕਾਲਫਤ ਕੀਤੀ ।

ਇਸ ਤਰਾਂ 1858 ਦਾ ਮਹਾਰਾਣੀ ਦੀ ਘੋਸ਼ਣਾ ਪੱਤਰ ਵਿਚ ਜੋ ਵਾਅਦੇ ਕੀਤੇ ਗਏ ਸਨ ਬ੍ਰਿਟਿਸ਼ ਸਰਕਾਰ ਵੱਲੋਂ ਉਨ੍ਹਾਂ ਨੂੰ ਪੂਰਾ ਨਹੀਂ ਕੀਤਾ ਗਿਆ।

Scanned with CamScanner